# ਪਿਆਰ ਭਰਿਆ ਪਰੋਪਕਾਰ

ਯਿਸੂ ਮਸੀਹ ਵਿਚ ਬਦਲਣ ਵਾਲੇ ਉਨ੍ਹਾਂ ਲੋਕਾਂ ਵਿਚ ਦੂਜੇ ਲੋਕਾਂ ਲਈ ਪਰੋਪਕਾਰ ਅਤੇ ਦੂਜਿਆਂ ਦੀ ਫ਼ਿਕਰ ਕਰਨਾ ਪੂਰੀ ਤਰ੍ਹਾਂ ਨਾਲ ਨਵਾਂ ਸੀ। ਯਹੂਦੀਆਂ ਨੂੰ ਇਬਰਾਨੀ ਕੌਮ ਵਿਚ ਇਕ ਦੂਜੇ ਦੀ ਫ਼ਿਕਰ ਕਰਨਾ ਸਿਖਾਇਆ ਜਾਂਦਾ ਸੀ, ਪਰ ਗ਼ੈਰ ਕੌਮਾਂ ਨਾਲ ਉਨ੍ਹਾਂ ਦਾ ਸਲੂਕ ਅਜਿਹਾ ਨਹੀਂ ਸੀ। ਡਾਕੂਆਂ ਵੱਲੋਂ ਜ਼ਖ਼ਮੀ ਯਹੂਦੀ ਨਾਲ ਸਾਮਰੀ ਦੇ ਪਰੋਪਕਾਰੀ ਕੰਮਾਂ ਵਾਲੀ ਯਿਸੂ ਦੀ ਕਹਾਣੀ (ਲੂਕਾ 10:25-37) ਦੂਜੀਆਂ ਕੌਮਾਂ ਪ੍ਰਤੀ ਯਹੂਦੀਆਂ ਦੀ ਸੋਚ ਬਾਰੇ ਦੱਸਦੀ ਹੈ।

ਗ਼ੈਰ ਯਹੂਦੀ ਲੋਕ ਮਨੁੱਖੀ ਜੀਵਨ ਦੀ ਬਹੁਤ ਘੱਟ ਪਰਵਾਹ ਕਰਦੇ ਸਨ। ਕੋਈ ਜਿੰਨਾ ਵੱਡਾ ਮੂਰਤੀਪੂਜਕ ਹੁੰਦਾ, ਓਨੀ ਹੀ ਉਹ ਮਨੁੱਖੀ ਜੀਵਨ ਦੀ ਘੱਟ ਕਦਰ ਕਰਦਾ ਸੀ। ਕਈ ਗ਼ੈਰ ਯਹੂਦੀ ਲੋਕ ਤਾਂ ਮੂਰਤੀਆਂ ਸਾਹਮਣੇ ਆਪਣੇ ਬੱਚਿਆਂ ਤਕ ਨੂੰ ਚੜ੍ਹਾ ਦਿੰਦੇ ਸਨ, ਜੀਵ-ਜੰਤੂਆਂ ਨੂੰ ਦੇਵਤਾ ਮੰਨਦੇ ਸਨ, ਨਾਸ਼ਵਾਨ ਮਨੁੱਖ ਦੀ ਪੂਜਾ ਕਰਦੇ ਸਨ ਅਤੇ ਨਦੀਆਂ ਅਤੇ ਪਹਾੜਾਂ ਨੂੰ ਪੂਜਦੇ ਸਨ। ਝੂਠੀ ਬੰਦਗੀ ਦੇ ਇਨ੍ਹਾਂ ਰੂਪਾਂ ਨੇ ਇੱਕੋ ਸੱਚੇ ਖ਼ੁਦਾ ਦੇ ਸਰੂਪ 'ਤੇ ਬਣਾਏ ਗਏ ਮਨੁੱਖੀ ਜੀਵਨ ਦੀ ਕਦਰ ਬੜੀ ਘਟਾ ਦਿੱਤੀ ਸੀ।

ਯਿਸੂ ਨੇ ਯਹੂਦੀਆਂ ਨੂੰ ਮਸੀਹੀ ਟਰੇਡ ਮਾਰਕ ਬਣਨ ਵਾਲਾ ਇਕ ਨਵਾਂ ਹੁਕਮ ''ਇਕ ਦੂਜੇ ਨੂੰ ਪਿਆਰ ਕਰੋ'' (ਯੂਹੰਨਾ 13:34, 35) ਦੇ ਕੇ ਆਪਣੇ ਵਿਹਾਰ ਨੂੰ ਬਦਲਣ ਦੀ ਚੁਣੌਤੀ ਦਿੱਤੀ ਸੀ। ਉਹਨੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਉਹ ਖ਼ੁਦਾ ਦੇ ਨਾਲ-ਨਾਲ ਆਪਣੇ ਗੁਆਂਢੀ ਨਾਲ ਵੀ ਮੁਹੱਬਤ ਰੱਖਣ (ਮੱਤੀ 22:37-39)। ਯਿਸੂ ਨੇ ਉਨ੍ਹਾਂ ਨੂੰ ਆਪਣੇ ਵੈਰੀਆਂ ਨਾਲ ਵੀ ਮੁਹੱਬਤ ਰੱਖਣ ਦੀ ਚੁਣੌਤੀ ਦਿੱਤੀ (ਮੱਤੀ 5:43-48)।

ਮਸੀਹ ਦੀ ਰੂਹਾਨੀ ਦੇਹ ਵਿਚ, ਕਲੀਸੀਆ ਨੇ ਆਪਣੇ ਸਿਰ ਦੀ ਅਗਵਾਈ ਵਿਚ ਚਲੱਣਾ ਸੀ (ਕੁਲੁੱਸੀਆ 1:18); ਇਸ ਕਰਕੇ ਰਸੂਲਾਂ ਦੇ ਕੰਮ ਕਿਤਾਬ ਵਿਚ ਸ਼ੁਰੂ ਹੋਣ ਵਾਲੇ ਭਾਈਚਾਰੇ ਦੇ ਪਿਆਰ ਬਾਰੇ ਪ੍ਰਭੂ ਦੀਆਂ ਸਿੱਖਿਆਵਾਂ ਦਾ ਇਕ ਨਵੇਂ ਰੂਹਾਨੀ ਪ੍ਰਬੰਧ ਦੀ ਉਮੀਦ ਸੀ। ਇਸ ਭਾਈਚਾਰੇ ਦੇ ਪਿਆਰ ਵਿਚ ਪਰੋਪਕਾਰ ਦੇ ਤੌਰ 'ਤੇ ਕੀਤੀ ਜਾਣ ਵਾਲੀ ਦੇਖਭਾਲ ਦੀ ਛੁੱਟ ਨਹੀਂ ਸੀ।

## ਪਹਿਲੀ ਘਟਨਾ: ਲੋੜਵੰਦ ਕਲੀਸੀਆ

ਰਸੂਲਾਂ ਦੇ ਕੰਮ 2:41 ਅਤੇ 4:4 ਮੁਤਾਬਕ, ਰਸੂਲਾਂ ਦੇ ਕੰਮ 2:9-11 ਵਿਚ ਆਉਣ ਵਾਲੇ ਹਜ਼ਾਰਾਂ ਮਸੀਹੀ ਲੋਕਾਂ ਨੂੰ ਰਸੂਲਾਂ ਦੇ ਕੰਮ 1:15 ਵਾਲੇ 120 ਚੇਲਿਆਂ ਅਤੇ ਰਸੂਲਾਂ ਵਿਚ ਰਲਾ ਲਿਆ ਗਿਆ ਸੀ। ਇਹ ਲੋਕ ਯਰੂਸ਼ਲਮ ਵਿਚ ਪਹਿਲਾਂ ਬਣਾਈ ਆਪਣੀ ਯੋਜਨਾ ਨਾਲੋਂ ਵੱਧ ਸਮਾਂ ਰੁਕੇ ਸਨ ਅਤੇ ਉਨ੍ਹਾਂ ਨੂੰ ਖਾਣੇ ਅਤੇ ਹੋਰ ਚੀਜ਼ਾਂ ਦੀ ਲੋੜ ਸੀ। ਅੰਦਾਜ਼ੇ ਨਾਲੋਂ ਵੱਧ ਦੇਰ ਤਕ ਯਰੂਸ਼ਲਮ ਵਿਚ ਰਹਿਣ ਦੇ ਨਾਲ-ਨਾਲ, ਉਨ੍ਹਾਂ ਨਵੇਂ ਚੇਲਿਆਂ ਦੇ ਮਸੀਹੀ ਬਣ

ਜਾਣ ਕਰਕੇ ਆਪਣੇ ਪਰਿਵਾਰਾਂ ਵੱਲੋਂ ਵੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੋਵੇਗਾ। ਬਹੁਤ ਸਾਰਿਆਂ ਨੇ ਆਪਣੇ ਜਾਇਦਾਦਾਂ ਵੇਚ ਦਿੱਤੀਆਂ ਸਨ ਅਤੇ ਉਸ ਤੋਂ ਮਿਲੇ ਧਨ ਨੂੰ ''ਰਸੂਲਾਂ ਦੇ ਕਦਮਾਂ 'ਚ'' ਲਿਆ ਰੱਖਿਆ ਸੀ (ਰਸੂਲਾਂ ਦੇ ਕੰਮ 4:35)। ''ਰਸੂਲਾਂ ਦੇ ਕਦਮਾਂ 'ਚ'' ਲੂਕਾ ਦਾ ਉਸ ਮੰਡਲੀ ਦੇ ਮਾਲੀ ਖ਼ਜ਼ਾਨੇ ਦੀ ਵਿਆਖਿਆ ਦਾ ਤਰੀਕਾ ਸੀ। ਅੱਜ ਅਸੀਂ ਉਹਨੂੰ ਕਲੀਸੀਆ ਦਾ ਭੰਡਾਰ ਜਾਂ ਬੈਂਕ ਖਾਤਾ ਕਹਿ ਸਕਦੇ ਹਾਂ। ਵੰਡਣਾ ਸਭ ਲੋੜਵੰਦਾਂ ਵਿਚ ਹੋਣਾ ਸੀ (ਰਸੂਲਾਂ ਦੇ ਕੰਮ 2:44, 45)।

ਇਸ ਹਾਲਾਤ ਦੀ ਵਿਆਖਿਆ ਕਰਨ ਵਿਚ ਬਹੁਤ ਹਸ਼ਿਆਰੀ ਦੀ ਲੋੜ ਹੈ। ਕਈ ਲੋਕ ਦਾਅਵਾ ਕਰਦੇ ਹਨ ਕਿ ਯਰੂਸ਼ਲਮ ਦੇ ਮਸੀਹੀ ਲੋਕਾਂ ਨੇ ਇਕ ਸਮਾਜ ਬਣਾ ਲਿਆ ਸੀ ਜਿਹਦੀ ਸਾਰੀ ਜਾਇਦਾਦ ਉਸ ਜਮਾਤ ਦੀ ਸੀ ਅਤੇ ਕੋਈ ਵੀ ਜਾਇਦਾਦ ਕਿਸੇ ਨਿੱਜੀ ਆਦਮੀ ਜਾਂ ਪਰਿਵਾਰ ਦੀ ਨਹੀਂ ਸੀ। ਅਜਿਹੇ ਪ੍ਰਬੰਧ ਵਿਚ ਸਭ ਜਾਇਦਾਦਾਂ ਕਲੀਸੀਆ ਦੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਸਭ ਖਰਚੇ ਓਸੇ ਜਮਾਤ ਵੱਲੋਂ ਕੀਤੇ ਜਾਣੇ ਚਾਹੀਦੇ ਹਨ।

ਪਰ ਇਹ ਲੂਕਾ ਦੀ ਵਿਆਖਿਆ ਨਾਲ ਮੇਲ ਨਹੀਂ ਖਾਂਦਾ। ਭਾਵੇਂ ਇਹ ਮਸੀਹੀ ਲੋਕ ''ਸਾਰੀਆਂ ਵਸਤਾਂ ਵਿਚ ਭਾਈਵਾਲ ਸਨ'' (ਰਸੂਲਾਂ ਦੇ ਕੰਮ 2:44), ਉਹ ''ਆਪਣੀ ਮਿਲਖ ਅਰ ਮਾਲ ਵੇਚ ਕੇ ਸਭਨਾਂ ਨੂੰ ਵੰਡ ਦਿੰਦੇ ਸਨ'' (ਰਸੂਲਾਂ ਦੇ ਕੰਮ 2:45), ਪਰ ਉਨ੍ਹਾਂ ਦਾ ਵੇਚਣਾ ਅਤੇ ਵੰਡਣਾ ''ਜਿਹੀ ਜਿਸ ਦੀ ਲੋੜ ਹੁੰਦੀ ਸੀ ਤਿਹਾ ਉਸਨੂੰ ਵੰਡਦੇ ਸਨ'' ਮੁਤਾਬਕ ਹੀ ਹੁੰਦਾ ਸੀ (ਰਸੂਲਾਂ ਦੇ ਕੰਮ 2:45)। ਬਹੁਤ ਸਾਰੇ ਲੋਕ ਭੁੱਲ ਜਾਂਦੇ ਹਨ ਕਿ ਜਦ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਵੇਚਣਾ ਅਤੇ ਵੰਡਣਾ ਬੰਦ ਹੋ ਜਾਂਦਾ ਹੈ। ਯਰੂਸ਼ਲਮ ਦੇ ਇਨ੍ਹਾਂ ਲੋਕਾਂ ਨੇ ਆਪਣੀਆਂ ਨਿੱਜੀ ਜਾਇਦਾਦਾਂ ਤਿਆਗੀਆਂ ਨਹੀਂ ਸਨ ਸਗੋਂ ਉਨ੍ਹਾਂ ਨੇ *ਲੋੜਾਂ ਪੂਰੀਆਂ ਕਰਨ ਲਈ* ਖੁੱਲ੍ਹੇ ਦਿਲ ਨਾਲ ਦਾਨ ਦਿੱਤਾ ਸੀ। ਵੰਡਣ ਦੀ ਪ੍ਰਕਿਰਿਆ 'ਚ ਇਹੀ ਨਿਯਮ ਅਪਣਾਇਆ ਗਿਆ ਸੀ। ਜਾਇਦਾਦਾਂ ਬਦਲੇ ਮਿਲਣ ਵਾਲੇ ਧਨ ਨੂੰ ''ਰਸੂਲਾਂ ਦੇ ਕਦਮਾਂ 'ਚ'' ਰੱਖਣ ਦੇ ਬਾਅਦ, ''ਜਿਹੀ ਜਿਸ ਦੀ ਲੋੜ ਹੁੰਦੀ ਸੀ'' ਉਸ ਨੂੰ ਵੰਡ ਦਿੱਤਾ ਜਾਂਦਾ ਸੀ (ਰਸੂਲਾਂ ਦੇ ਕੰਮ 4:35)। ਜਦ ਲੋੜਾਂ ਪੂਰੀਆਂ ਹੋ ਗਈਆਂ ਅਤੇ ਨਾ ਬਰਾਬਰੀ ਦੀ ਕੋਈ ਗੱਲ ਨਾ ਰਹੀ ਤਾਂ ਮਸੀਹੀ ਲੋਕਾਂ ਨੇ ਆਪਣੀਆਂ ਜਾਇਦਾਦਾਂ ਵੇਚ ਕੇ ਧਨ ਲਿਆਉਣਾ ਬੰਦ ਕਰ ਦਿੱਤਾ। ਜਦ ਲੋੜਾਂ ਪੂਰੀਆਂ ਹੋ ਗਈਆਂ ਤਾਂ ਜਾਇਦਾਦਾਂ ਵੇਚਣਾ ਵੀ ਬੰਦ ਕਰ ਦਿੱਤਾ ਗਿਆ।

ਰਸੂਲਾਂ ਦੇ ਕੰਮ ਕਿਤਾਬ ਵਿਚ ਬਾਅਦ ਵਿਚ ਯਰੂਸ਼ਲਮ ਦੇ ਮਸੀਹੀ ਲੋਕਾਂ ਕੋਲ ਅਜੇ ਤਕ ਵੀ ਆਪਣੀ ਨਿੱਜੀ ਜਾਇਦਾਦ ਸੀ। ਹਨੱਨੀਆ ਅਤੇ ਸਫ਼ੀਰਾ ਨੇ ਅਜੇ ਆਪਣੀ ਜਾਇਦਾਦ ਵੇਚੀ ਨਹੀਂ ਸੀ, ਸਗੋਂ ਉਹ ਵੇਚਣ ਦੀ ਤਿਆਰੀ ਵਿਚ ਸਨ (ਰਸੂਲਾਂ ਦੇ ਕੰਮ 5:4)। ਫਿਰ ਪਤਰਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਆਪਣੀ ਜਾਇਦਾਦ ਆਪਣੇ ਕੋਲ ਰੱਖ ਕੇ ਵੀ ਖ਼ੁਦਾ ਨੂੰ ਖ਼ੁਸ਼ ਕਰ ਸਕਦੇ ਸਨ (ਰਸੂਲਾਂ ਦੇ ਕੰਮ 5:4)। ਚਮੜੇ ਦਾ ਕਾਰੋਬਾਰ ਕਰਨ ਵਾਲੇ ਸ਼ਮੌਨ ਨਾਂਅ ਦੇ ਇਕ ਹੋਰ ਆਦਮੀ ਕੋਲ ਯੱਪਾ 'ਚ ਨਿੱਜੀ ਜਾਇਦਾਦ ਸੀ (ਰਸੂਲਾਂ ਦੇ ਕੰਮ 9:43; 10:6), ਜਿੱਥੇ ਉਹਨੇ ਪਤਰਸ ਨੂੰ ਠਹਿਰਣ ਲਈ ਸੱਦਾ ਦਿੱਤਾ ਸੀ। ਯੂਹੰਨਾ ਮਰਕੁਸ ਦੀ ਮਾਤਾ ਮਰੀਅਮ ਨੇ ਆਪਣਾ ਘਰ ਵੇਚਿਆ ਨਹੀਂ ਸੀ; ਉਹਦਾ ਘਰ ਪਤਰਸ ਦੀ ਕੈਦ ਦੌਰਾਨ ਔਰਤਾਂ ਦੀ ਖ਼ਾਸ ਬੰਦਗੀ ਵਾਸਤੇ ਵਰਤਿਆ ਗਿਆ ਸੀ (ਰਸੂਲਾਂ ਦੇ ਕੰਮ 12:12)। ਕੁਝ ਸਾਲ ਬਾਅਦ ਮਨਾਸੋਨ ਕੋਲ ਵੀ ਯਰੂਸ਼ਲਮ ਵਿਚ ਆਪਣੀ ਨਿੱਜੀ ਜਾਇਦਾਦ ਸੀ, ਅਤੇ ਉਹਨੇ ਪੌਲੁਸ ਨਾਲ ਤੀਜੀ ਮਿਸ਼ਨਰੀ ਯਾਤਰਾ ਤੋਂ ਆਉਣ ਵਾਲਿਆਂ ਨੂੰ ਆਪਣੇ ਘਰ ਠਹਿਰਾਇਆ ਸੀ (ਰਸੂਲਾਂ ਦੇ

ਕੰਮ 21:16)।

ਇਸ ਕਰਕੇ ਮਸੀਹੀ ਲੋਕਾਂ ਦਾ ਸਾਮਵਾਦੀ ਵਿਚਾਰਧਾਰਾ ਵਾਲਾ ਸਾਂਝਾ ਕੁਝ ਵੀ ਨਹੀਂ ਸੀ। ਉਨ੍ਹਾਂ ਨੂੰ ਕਿਸੇ ਨੇ ਸਥਾਨਕ ਮੰਡਲੀ ਦੇ ਖ਼ਜ਼ਾਨੇ ਵਿਚ ਆਪਣੀ ਸਾਰੀ ਜਾਇਦਾਦ ਵੇਚ ਕੇ ਇੱਕੋ ਜਗ੍ਹਾ ਖ਼ਜ਼ਾਨੇ 'ਤੇ ਨਿਰਭਰ ਰਹਿਣ ਲਈ ਨਹੀਂ ਕਿਹਾ ਸੀ। ਅਧਿਆਇ 2 ਵਿਚ ਪੈਦਾ ਹੋਈਆਂ ਲੋੜਾਂ ਕੁਝ ਦੇਰ ਜਾਂ ਮਹੀਨਿਆਂ ਤਕ ਹੀ ਰਹੀਆਂ; ਅਤੇ ਅਧਿਆਇ 4 ਵਿਚ ਪੂਰੀਆਂ ਹੋਣ ਵਾਲੀਆਂ ਲੋੜਾਂ ਵੀ ਅਜਿਹੀਆਂ ਹੀ ਸਨ। ਜਦ ਤਕ ਲੋੜਾਂ ਪੂਰੀਆਂ ਨਹੀਂ ਹੋ ਗਈਆਂ ਤਦ ਤਕ ਮਸੀਹੀ ਲੋਕ ਆਪਣੀਆਂ ਜਾਇਦਾਦਾਂ ਵੇਚਦੇ ਰਹੇ।

ਇਹ ਪਰੋਪਕਾਰ ਆਪਣੀ ਮਰਜ਼ੀ ਨਾਲ ਅਤੇ ਮਸੀਹੀ ਪਿਆਰ ਅਤੇ ਆਪਣੇ ਲੋੜਵੰਦ ਭਾਈਆਂ ਦੀ ਫ਼ਿਕਰ ਕਰਨ ਦੀ ਚਾਹ ਕਰਕੇ ਸੀ। ਇਹ ਦਾਨ ਭਾਈਚਾਰੇ ਅਤੇ ਸੰਗਤੀ ਦੇ ਨਵੇਂ ਬੰਧ ਦੀ ਆਤਮਾ ਵਿਚ ਦਿੱਤੇ ਜਾਂਦੇ ਸਨ ਅਤੇ ਅਜਿਹੀ ਨਿਰਾਲੀ ਖੁੱਲ੍ਹ ਦਿਲੀ ਦੇ ਵਧਣ ਦਾ ਇੱਕੋ ਇਕ ਕਾਰਣ ਮਸੀਹ ਵਿਚ ਸਭ ਦੀ ਦਿਲਚਸਪੀ ਸੀ।

ਇਕ ਯਹੂਦੀ ਸ਼ਹਿਰ ਵਿਚ ਇਸ ਤਰ੍ਹਾਂ ਦੇ ਪਰੋਪਕਾਰ ਦਾ ਕੰਮ ਐਨਾ ਗ਼ੈਰ ਮਾਮੂਲੀ ਅਤੇ ਅਹਿਮ ਸੀ ਕਿ ਲੂਕਾ ਨੇ ਕਿਹਾ ਕਿ ''ਉਨ੍ਹਾਂ ਸਭਨਾਂ 'ਤੇ ਵੱਡੀ ਕਿਰਪਾ ਸੀ'' (ਰਸੂਲਾਂ ਦੇ ਕੰਮ 4:33)। ਉਨ੍ਹਾਂ ਦੇ ਆਲੇ-ਦੁਆਲੇ ਦੇ ਲੋਕ ਉਨ੍ਹਾਂ ਦੇ ਕੰਮਾਂ ਤੋਂ ਹੈਰਾਨ ਰਹਿ ਗਏ ਹੋਣਗੇ। ਜਦ ਹਨੱਨੀਆ ਅਤੇ ਸਫ਼ੀਰਾ ਨੇ ਆਪਣੇ ਚੰਦੇ ਬਾਰੇ ਪਵਿੱਤਰ ਆਤਮਾ ਨਾਲ ਝੂਠ ਬੋਲਿਆ ਸੀ ਅਤੇ ਪ੍ਰਭੂ ਵੱਲੋਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਮਿਲੀ ਸੀ (ਉਨ੍ਹਾਂ ਨੂੰ ਸਜ਼ਾ ਪਤਰਸ ਨੇ ਨਹੀਂ ਸਗੋਂ ਪ੍ਰਭੂ ਨੇ ਦਿੱਤੀ ਸੀ), ਤਾਂ ਸਾਰੀ ਕਲੀਸੀਆ ਨੂੰ ਹੀ ਨਹੀਂ ਸਗੋਂ ''ਜਿਨ੍ਹਾਂ ਇਹ ਗੱਲਾਂ ਸੁਣੀਆਂ ਉਨ੍ਹਾਂ ਸਭਨਾਂ ਨੂੰ ਵੱਡਾ ਡਰ ਲੱਗਾ'' ਸੀ (ਰਸੂਲਾਂ ਦੇ ਕੰਮ 5:11)। ਪਰੋਪਕਾਰ ਦੇ ਕੰਮ ਨੂੰ ਲਾਪਰਵਾਹੀ ਨਾਲ ਲੈਣ 'ਤੇ ਇਨ੍ਹਾਂ ਦੋਹਾਂ ਨੂੰ ਮਿਲੀ ਮੌਤ ਦੀ ਸਜ਼ਾ ਦਾ ਯਰੂਸ਼ਲਮ ਦੇ ਰਹਿਣ ਵਾਲਿਆਂ 'ਤੇ ਐਨਾ ਅਸਰ ਪਿਆ ਕਿ ਬਹੁਤ ਸਾਰੇ ਲੋਕ ਰਸੂਲਾਂ ਦੀਆਂ ਗੱਲਾਂ ਸੁਣਨ ਲਈ ਬੰਦਗੀਆਂ ਵਿਚ ਨਹੀਂ ਆਉਂਦੇ ਸਨ (ਰਸੂਲਾਂ ਦੇ ਕੰਮ 5:13); ਪਰ ਰਸੂਲਾਂ ਦੇ ਕੰਮ 5:14 ਕਹਿੰਦਾ ਹੈ ਕਿ ''ਹੋਰ ਨਿਹਚਾਵਾਨ ਵੀ ਨਾਲੇ ਮਨੁੱਖ ਨਾਲੇ ਤੀਵੀਆਂ ਟੋਲੀਆਂ ਦੀਆਂ ਟੋਲੀਆਂ ਪ੍ਰਭੂ ਨਾਲ ਮਿਲਦੀਆਂ ਜਾਂਦੀਆਂ ਸਨ।'' ਪੁਰਾਣੀ ਯਹੂਦੀ ਸੋਚ ਵਾਲਿਆਂ ਲਈ ਇਹ ਇਕ ਨਵਾਂ ਤਜਰਬਾ ਸੀ।

## ਦੂਜੀ ਘਟਨਾ: ਲੋੜਵੰਦ ਵਿਧਵਾਵਾਂ

ਵਿਧਵਾਵਾਂ ਦੀ ਲੋੜ ਬਣੀ ਰਹੀ ਅਤੇ ਸੱਤ ਪੁਰਖਾਂ (ਰਸੂਲਾਂ ਨੂੰ ਨਹੀਂ) ਨੂੰ ਜੋ ਇਹ ਕੰਮ ਕਰ ਸਕਦੇ ਸਨ (ਰਸੂਲਾਂ ਦੇ ਕੰਮ 6:1-6) ਚੁਣ ਕੇ ਗੜਬੜੀਆ ਦੂਰ ਕਰ ਦਿੱਤੀਆਂ ਗਈਆਂ। ਇਸ ਘਟਨਾ ਨਾਲ ਯਰੂਸ਼ਲਮ ਦੇ ਰਹਿਣ ਵਾਲੇ ਹੀ ਪ੍ਰਭਾਵਤ ਹੋਏ। ਵਿਧਵਾਵਾਂ ਦੇ ਇਸ ਪਿਆਰ ਭਰੇ ਅਤੇ ਹੁਸ਼ਿਆਰੀ ਭਰੇ ਪ੍ਰਬੰਧ ਦੇ ਵੇਰਵੇ ਦੇ ਫ਼ੌਰਨ ਬਾਅਦ ਲੂਕਾ ਨੇ ਲਿਖਿਆ ਕਿ ਚੇਲਿਆਂ ਦੀ ਗਿਣਤੀ ਬਹੁਤ ਵਧਣ ਲੱਗੀ, ਇੱਥੋਂ ਤਕ ਕਿ ਯਹੂਦੀ ਯਾਜਕਾਂ ਵਿੱਚੋਂ ਵੀ ਬਹੁਤ ਸਾਰੇ ਲੋਕ ਮਸੀਹੀ ਬਣ ਗਏ (ਰਸੂਲਾਂ ਦੇ ਕੰਮ 6:7)।

ਜ਼ਿਆਦਾਤਰ ਵਿਦਵਾਨ ਇਸ ਘਟਨਾ ਨੂੰ ਅਧਿਆਇ 2 ਵਿਚ ਦਿੱਤੇ ਪੈਂਟੀਕਾਸਟ ਵਾਲੇ ਅਨੁਭਵਾਂ ਦੇ ਦੋ ਤੋਂ ਤਿੰਨ ਸਾਲ ਬਾਅਦ ਦੀ ਦੱਸਦੇ ਹਨ। ਇਸ ਮਾਮਲੇ ਵਿਚ ਰਸੂਲਾਂ ਨੂੰ ਕੋਈ ਅਗਾਊਂ ਜਾਣਕਾਰੀ ਨਹੀਂ ਸੀ, ਪਰ ਦੂਸਰੇ ਭਗਤ ਲੋਕਾਂ ਨੂੰ ਸੇਵਾ ਵਿਚ ਲਾਉਣ ਲਈ ਬਹੁਤ ਸਾਰੇ ਅਹਿਮ ਨਿਯਮ ਬਣ ਗਏ ਸਨ।

ਪਹਿਲਾ, ਸਭ ਤੋਂ ਅਹਿਮ ਗੱਲ ਵਚਨ ਦਾ ਪ੍ਰਚਾਰ ਕਰਨਾ ਹੈ। ਦੂਜਾ, ਲੋੜਵੰਦਾਂ ਦੀ ਸੇਵਾ ਕਰਨੀ ਜ਼ਰੂਰੀ ਤਾਂ ਹੈ, ਪਰ ਇੰਜੀਲ ਦੀ ਸਿੱਖਿਆ ਦੇਣ ਨਾਲੋਂ ਜ਼ਰੂਰੀ ਨਹੀਂ। ਤੀਜਾ, ਕਲੀਸੀਆ ਦੇ ਅੰਦਰ ਹੀ ਖ਼ੁਦਾ ਦਾ ਖੌਫ਼ ਮੰਨਣ ਵਾਲੇ ਯੋਗ ਪੁਰਖਾਂ ਅਤੇ ਔਰਤਾਂ ਨੂੰ ਕੰਮ ਦਿੱਤੇ ਜਾ ਸਕਦੇ ਹਨ। ਚੌਥਾ, ਹਰ ਮੰਡਲੀ ਵਿਚ ਇਸ ਤਰ੍ਹਾਂ ਦਾ ਕੰਮ ਕਰਨ ਵਾਲੇ ਪੁਰਖ ਅਤੇ ਔਰਤਾਂ ਹੁੰਦੇ ਹਨ। ਪੰਜਵਾਂ, ਜਦ ਕਲੀਸੀਆ ਆਪਣੇ ਵਿੱਚੋਂ ਹੀ ਲੋਕਾਂ ਦੀਆਂ ਜਿਸਮਾਨੀ ਲੋੜਾਂ ਵੱਲ ਧਿਆਨ ਦਿੰਦੀ ਹੈ ਤਾਂ ਇਹਦਾ ਅਸਰ ਸਮਾਜ 'ਤੇ ਜ਼ਰੂਰ ਪਵੇਗਾ। ਛੇਵਾਂ, ਇਹ ਉਦਾਹਰਣ ਪ੍ਰਭੂ ਦੀ ਸੇਵਾ ਚੰਗੀ ਤਰ੍ਹਾਂ ਕਰਨ ਦੀ ਚਾਹਵਾਨ ਹਰ ਮੰਡਲੀ ਲਈ ਇਕ ਵਧੀਆ ਨਮੂਨੇ ਵਾਂਗ ਹੈ।

## ਤੀਜੀ ਘਟਨਾ: ਲੋੜਵੰਦ ਕਲੀਸੀਆਵਾਂ

ਆਗਬੁਸ ਨਾਂਅ ਦੇ ਇਕ ਨਬੀ ਨੇ ਪੂਰੀ ਦੁਨੀਆਂ 'ਚ ਆਉਣ ਵਾਲੇ ਇਕ ਅਕਾਲ ਦੀ ਨਬੂਵਤ ਕੀਤੀ (ਰਸੂਲਾਂ ਦੇ ਕੰਮ 11:28) ਅਤੇ ਲੂਕਾ ਨੇ ਲਿਖਿਆ ਕਿ ਇਹ ਅਕਾਲ ਕਲੌਦਿਉਸ ਕੈਸਰ ਦੇ ਸਮੇਂ ਪਿਆ। ਕਲੌਦਿਉਸ ਕੈਸਰ ਵੇਲੇ ਚਾਰ ਅਕਾਲ ਪਏ; ਤਿੰਨ ਨਾਲ ਤਾਂ ਰੋਮ ਅਤੇ ਯੂਨਾਨ ਪ੍ਰਭਾਵਤ ਹੋਏ ਅਤੇ ਇਕ ਨਾਲ ਫ਼ਲਸਤੀਨ। ਯਹੂਦੀਆ ਵਿਚ ਅਕਾਲ 45 ਈਸਵੀ ਵਿਚ ਪਿਆ ਸੀ ਜਿਸ ਤੋਂ ਪਤਾ ਲਗਦਾ ਹੈ ਕਿ ਇਹ ਘਟਨਾ ਕਲੀਸੀਆ ਦੇ ਸ਼ੁਰੂ ਹੋਣ ਦੇ ਬਾਰਾਂ ਤੋਂ ਵੱਧ ਸਾਲਾਂ ਬਾਅਦ ਵਾਪਰੀ।

ਅੰਤਾਕੀਆ ਦੇ ਭਾਈਆਂ ਨੇ ਛੇਤੀ ਨਾਲ ਗੱਲ ਮੰਨ ਲਈ ਅਤੇ ਯਰੂਸ਼ਲਮ ਵਿਚ ਪਈਆਂ ਲੋੜਾਂ ਨੂੰ ਪੂਰਾ ਕਰਨ ਲਈ ਖੁੱਲ੍ਹ ਦਿਲੀ ਨਾਲ ਦਾਨ ਦਿੱਤਾ (ਰਸੂਲਾਂ ਦੇ ਕੰਮ 11:30)। ਮੰਡਲੀ ਦੇ ਕਾਫ਼ੀ ਲੋਕਾਂ ਨੇ ਮਦਦ ਕਰਨ ਦੀ ਜ਼ਿੰਮੇਵਾਰੀ ਕਬੂਲ ਕੀਤੀ ਕਿ ਲੂਕਾ ਨੇ ''ਉਨ੍ਹਾਂ ਨੇ'' ਸ਼ਬਦ ਦੀ ਵਰਤੋਂ ਕੀਤੀ। ਉਨ੍ਹਾਂ ਵਿੱਚੋਂ ਹਰ ਮੈਂਬਰ ਜਿੰਨਾ ਦੇ ਸਕਦਾ ਸੀ, ਉਹਨੇ ਚੰਦਾ ਦਿੱਤਾ ਅਤੇ ਖ਼ੁਦਾ ਦੇ ਸੰਗਠਨ ਪ੍ਰਤੀ ਮੰਡਲੀ ਦਾ ਸਨਮਾਨ ਇਸ ਗੱਲ ਵਿਚ ਵਿਖਾਇਆ ਗਿਆ ਕਿ ਉਹ ਧਨ ਐਲਡਰਾਂ ਕੋਲ ਭੇਜਿਆ ਗਿਆ। ਕੋਈ ਕਹਿ ਸਕਦਾ ਹੈ ਕਿ ਇਹ ਧਨ ''ਰਸੂਲਾਂ ਦੇ ਕਦਮਾਂ 'ਚ'' ਰੱਖਿਆ ਗਿਆ ਸੀ। ਕੋਈ ਇਸ ਨੂੰ ਕਿਵੇਂ ਵੀ ਕਹੇ ਧਨ ਤਾਂ ਯਰੂਸ਼ਲਮ ਵਿਚ ਅੰਤਾਕੀਆ ਦੇ ਭਾਈਆਂ ਕੋਲ ਹੀ ਭੇਜਿਆ ਗਿਆ ਸੀ, ਪਰ ਇਹ ਸੰਕੇਤ ਮਿਲਦਾ ਹੈ ਕਿ ਵੰਡਣ ਦਾ ਕੰਮ ਰਸੂਲਾਂ ਦੇ ਹੱਥ 'ਚ ਹੀ ਸੀ। ਦੋ ਮਹਾਨ ਪ੍ਰਚਾਰਕਾਂ ਬਰਨਾਬਾਸ ਅਤੇ ਸੌਲੁਸ ਨੇ ਇਨ੍ਹਾਂ ਦਾਨਾਂ ਨੂੰ ਵੰਡਣ ਵਿਚ ਮਦਦ ਲਈ ਸਿੱਖਿਆ ਦੇਣ ਦੇ ਆਪਣੇ ਕੰਮ ਨੂੰ ਥੋੜ੍ਹੀ ਦੇਰ ਲਈ ਟਾਲ ਦਿੱਤਾ (ਰਸੂਲਾਂ ਦੇ ਕੰਮ 11:30)।

ਯਹੂਦੀ ਮਸੀਹੀ ਅਜੇ ਯਹੂਦੀਆਂ ਨੂੰ ਛੱਡ ਕਿਸੇ ਹੋਰ ਨੂੰ ਇੰਜੀਲ ਸੁਣਾਉਣ ਤੋਂ ਝਕ ਰਹੇ ਸਨ (ਰਸੂਲਾਂ ਦੇ ਕੰਮ 11:19), ਭਾਵੇਂ ਕਈਆਂ ਨੇ ਬੜੀ ਕਾਮਯਾਬੀ ਨਾਲ ਸੀਰੀਆ ਦੇ ਅੰਤਾਕੀਆ ਵਿਚ ਜਾ ਕੇ ਗ਼ੈਰ ਕੌਮਾਂ ਵਿਚ ਇੰਜੀਲ ਸੁਣਾਉਣੀ ਸ਼ੁਰੂ ਕਰ ਦਿੱਤੀ ਸੀ (ਰਸੂਲਾਂ ਦੇ ਕੰਮ 11:20)। ਯਰੂਸ਼ਲਮ ਦੇ ਭਾਈਆਂ ਨੇ ਬਰਨਾਬਾਸ ਨੂੰ ਨਵੇਂ ਮੈਂਬਰਾਂ ਦੀ ਮਦਦ ਲਈ ਭੇਜਿਆ ਸੀ ਅਤੇ ਇਸ ਕੰਮ ਵਿਚ ਮਦਦ ਲਈ ਬਰਨਾਬਾਸ ਨੇ ਪੌਲੁਸ ਨੂੰ ਭਰਤੀ ਕਰ ਲਿਆ। (ਰਸੂਲਾਂ ਦੇ ਕੰਮ 11:21-26 )। ਪੌਲੁਸ ਅਤੇ ਬਰਨਾਬਾਸ ਨੇ ਅੰਤਾਕੀਆ ਵਿਚ ਇਕ ਤੋਂ ਵੱਧ ਸਾਲ ਤਕ ਕੰਮ ਕੀਤਾ ਅਤੇ ਯਹੂਦੀਆਂ ਅਤੇ ਗ਼ੈਰ ਕੌਮਾਂ ਦੀ ਰਲੀ-ਮਿਲੀ ਪ੍ਰਭੂ ਦੀ ਕਲੀਸੀਆ ਦੀ ਇਹ ਪਹਿਲੀ ਮੰਡਲੀ ਵਿਚ ਜਿਸ ਵਿਚ ''ਮਸੀਹੀ'' ਸ਼ਬਦ ਦੀ ਵਰਤੋਂ ਹੋਈ ਸੀ। ਸ਼ਾਇਦ ਇਹ ਅਹਿਮ ਹੈ ਕਿ ''ਮਸੀਹੀ'' ਸ਼ਬਦ ਉਦੋਂ ਤਕ ਲਈ ਸਾਂਭ ਕੇ ਰੱਖਿਆ ਗਿਆ ਸੀ ਜਦ

ਤਕ ਮੰਡਲੀਆਂ ਵਿਚ ਇੰਜੀਲ ਦੀ ਵਿਸ਼ਵ ਵਿਆਪਕਤਾ ਦੀ ਪਛਾਣ ਨਾ ਹੋ ਜਾਂਦੀ ਅਤੇ ਇਹ ਵਿਹਾਰ ਵਿਚ ਨਾ ਆਉਂਦੀ।

ਪੌਲੁਸ ਨੇ ਬਾਅਦ ਵਿਚ ਰੋਮ ਦੇ ਭਾਈਆਂ ਨੂੰ ਯਹੂਦੀਆ ਦੇ ਪਰੋਪਕਾਰ ਵਿਚ ਮਦਦ ਦੀ ਬੇਨਤੀ ਕੀਤੀ (ਰੋਮੀਆਂ 15:26, 27) ਕਿਉਂਕਿ ਰੋਮ ਦੇ ਯਹੂਦੀ ਭਾਈਆਂ ਨੇ ਇੰਜੀਲ ਸੁਣਾ ਕੇ ਰੋਮ ਦੇ ਗ਼ੈਰ ਯਹੂਦੀ ਭਾਈਆਂ ਦੀ ਮਦਦ ਕੀਤੀ ਸੀ, ਇਸ ਕਰਕੇ ਪੌਲੁਸ ਨੇ ਸੰਕੇਤ ਦਿੱਤਾ ਕਿ ਗ਼ੈਰ ਕੌਮ ਭਾਈਆਂ ਦਾ ਹੀ ਫ਼ਰਜ਼ ਸੀ ਕਿ ਉਹ ਯਹੂਦੀਆ ਵਿਚ ਆਪਣੇ ਯਹੂਦੀ ਭਾਈਆਂ ਦੀਆਂ ਦੁਨਿਆਵੀ ਲੋੜਾਂ ਪੂਰੀਆਂ ਕਰਨ। ਪਰੋਪਕਾਰ ਦੇ ਕੰਮ ਦਾ ਬੇਹਦ ਰੂਹਾਨੀ ਅਸਰ ਵੀ ਹੋ ਸਕਦਾ ਹੈ!

## ਚੌਥੀ ਘਟਨਾ: ਫੇਰ ਤੋਂ ਲੋੜਵੰਦ ਕਲੀਸੀਆਵਾਂ

ਤੀਜੀ ਮਿਸ਼ਨਰੀ ਯਾਤਰਾ ਪੂਰੀ ਕਰਕੇ ਪੌਲੁਸ ਯਰੂਸ਼ਲਮ ਮੁੜ ਗਿਆ। ਸੁੱਖਣਾ ਪੂਰੀ ਕਰਨ ਲਈ ਜਾਣ ਵਾਲੇ ਚਾਰ ਲੋਕਾਂ ਨਾਲ ਜਾਣ (ਅਤੇ ਉਨ੍ਹਾਂ ਦਾ ਖਰਚਾ ਚੁੱਕਣ) ਦੇ ਬਜ਼ੁਰਗਾਂ ਦੇ ਇਲਜ਼ਾਮ ਤੋਂ ਯਹੂਦੀਆਂ ਨੂੰ ਲੱਗਾ ਸੀ ਕਿ ਉਹ ਤ੍ਰੋਫ਼ੀਮੁਸ ਨਾਂਅ ਦੇ ਅਫ਼ਸੁਸ ਵਾਸੀ ਇਕ ਗ਼ੈਰ ਕੌਮ ਨੂੰ ਨਾਲ ਲੈ ਗਿਆ ਸੀ (ਰਸੂਲਾਂ ਦੇ ਕੰਮ 21:17-29)। ਉਹਨੂੰ ਗ੍ਰਿਫ਼ਤਾਰ ਕਰਕੇ ਕੈਦ ਕਰਨ ਦੇ ਬਾਅਦ ਕੈਸਰੀਆ ਵਿਚ ਭੇਜ ਦਿੱਤਾ ਗਿਆ ਸੀ। ਉੱਥੇ ਉਹ ਰਾਜਪਾਲ ਫ਼ੇਲਿਕਸ (ਰਸੂਲਾਂ ਦੇ ਕੰਮ 23:24) ਅਤੇ ਪ੍ਰਧਾਨ ਯਾਜਕ ਹਨੱਨੀਆ ਸਾਹਮਣੇ ਪੇਸ਼ ਹੋਇਆ (ਰਸੂਲਾਂ ਦੇ ਕੰਮ 24:1)। ਤਰਤੁਲੁੱਸ ਨਾਂਅ ਦੇ ਵਕੀਲ ਨੇ ਜਿਹਨੂੰ ਪੌਲੁਸ ਨੂੰ ਸਜ਼ਾ ਦਵਾਉਣ ਵਿਚ ਮਦਦ ਲਈ ਯਰੂਸ਼ਲਮ ਤੋਂ ਲਿਆਂਦਾ ਗਿਆ ਸੀ, ਪੌਲੁਸ 'ਤੇ ਬਗ਼ਾਵਤ ਦਾ ਇਲਜ਼ਾਮ ਲਾਇਆ (ਰਸੂਲਾਂ ਦੇ ਕੰਮ 24:2, 5)।

ਇਸ ਇਲਜ਼ਾਮ ਦਾ ਕਿ ਪੌਲੁਸ ਨੇ ਰੋਮ ਦੇ ਖ਼ਿਲਾਫ਼ ਬਗ਼ਾਵਤ ਕਰਨ ਵਾਲਿਆਂ ਦੀ ਅਗਵਾਈ ਕੀਤੀ ਸੀ, ਪੌਲੁਸ ਨੇ ਜਵਾਬ ਦਿੱਤਾ ਕਿ ਬਾਰਾਂ ਦਿਨ ਪਹਿਲਾਂ ਹੀ ਉਹ ਯਰੂਸ਼ਲਮ ਤੋਂ ਆਪਣੇ ਲੋਕਾਂ ਲਈ ਚੰਦਾ ਅਤੇ ਭੇਟਾਂ ਲੈ ਕੇ ਆਇਆ ਸੀ (ਰਸੂਲਾਂ ਦੇ ਕੰਮ 24:11, 17)। ਉਹਨੇ ਖੁੱਲ੍ਹ ਕੇ ਸਮਝਾਇਆ ਕਿ ਉਹ ਕਿਸੇ ਬਗ਼ਾਵਤ ਵਿਚ ਅਗਵਾਈ ਨਹੀਂ ਕਰ ਰਿਹਾ ਸੀ ਸਗੋਂ ਆਪਣੇ ਲੋਕਾਂ ਵਿਚ ਲੋੜਵੰਦਾਂ ਲਈ ਪੈਸੇ ਇਕੱਠੇ ਕਰਕੇ ਮਦਦ ਕਰ ਰਿਹਾ ਸੀ। ਇਹਦੇ ਇਲਾਵਾ ਯਰੂਸ਼ਲਮ ਵਿਚ ਬਗ਼ਾਵਤ ਭੜਕਾਉਣ ਲਈ ਪੰਜ ਦਿਨ ਦਾ ਸਮਾਂ ਕੁਝ ਵੀ ਨਹੀਂ ਸੀ।[1]

ਯਰੂਸ਼ਲਮ ਵਿਚ ਲਿਆਂਦੇ ਗਏ ਦਾਨ ਅਤੇ ਭੇਟ ਦੀ ਗੱਲ ਕਰਕੇ ਪੌਲੁਸ ਨੇ ਉਸ ਚੰਦੇ ਵੱਲ ਇਸ਼ਾਰਾ ਕੀਤਾ ਜੋ ਕਈ ਸਾਲਾਂ ਤਕ ਲਈ ਪਰੋਪਕਾਰ ਦੇ ਕੰਮ ਲਈ ਰਿਹਾ। ਪੌਲੁਸ ਨੇ ਇਸ ਲੋੜ ਬਾਰੇ ਅਤੇ ਇਸ ਦੇ ਪੂਰਾ ਹੋਣ ਬਾਰੇ ਗਲਾਤੀਆ ਦੀਆਂ ਕਲੀਸੀਆਵਾਂ ਵਾਂਗ ਕੁਰਿੰਥੁਸ ਦੀ ਕਲੀਸੀਆ ਨੂੰ ਵੀ ਲਿਖਿਆ (1 ਕੁਰਿੰਥੀਆਂ 16:1, 2)। ਇਕ ਸਾਲ ਬਾਅਦ ਪੌਲੁਸ ਨੇ ਕੁਰਿੰਥੀਆਂ ਨੂੰ ਆਪਣੀ ਕੋਸ਼ਿਸ਼ ਪੂਰੀ ਕਰਨ ਲਈ ਕਹਿੰਦਿਆਂ (2 ਕੁਰਿੰਥੀਆਂ 8:10-12; 9:3-5) ਉਨ੍ਹਾਂ ਨੂੰ ਇਸ ਦਾਨ ਵਿਚ ਆਪਣਾ ਵਾਅਦਾ ਯਾਦ ਦਵਾਇਆ ਸੀ (2 ਕੁਰਿੰਥੀਆਂ 9:1, 2)। ਪੈਸੇ ਦੇ ਇੰਤਜ਼ਾਮ ਵਿਚ ਕਿਸੇ ਵੀ ਤਰ੍ਹਾਂ ਦੀ ਅਲੋਚਨਾ ਤੋਂ ਬਚਣ ਦੀ ਕੋਸ਼ਿਸ਼ ਵਿਚ ਪੌਲੁਸ ਨੇ ਉਨ੍ਹਾਂ ਦੇ ਵਾਅਦਾ ਕੀਤੇ ਹੋਏ ਦਾਨ ਨੂੰ ਪੂਰਾ ਕਰਨ ਵਿਚ ਮਦਦ ਲਈ ਤੀਤੁਸ ਨਾਲ ਇਕ ਹੋਰ ਭਾਈ ਨੂੰ ਭੇਜਿਆ (2 ਕੁਰਿੰਥੀਆਂ 8:16-24)।

ਤੀਜੀ ਮਿਸ਼ਨਰੀ ਯਾਤਰਾ ਵਿਚ ਅਸੀਆ, ਅਖਾਇਆ, ਮਕਦੂਨੀਆਂ ਤੋਂ ਵਾਪਸ ਆਉਂਦਿਆਂ ਪੌਲੁਸ ਨਾਲ ਸੱਤ ਜਣੇ ਸਨ (ਰਸੂਲਾਂ ਦੇ ਕੰਮ 20:4, 5)। ਇਨ੍ਹਾਂ ਨੇ ਦਾਨ ਅਤੇ ਭੇਟਾਂ ਜੋ ਜ਼ਿਆਦਾਤਰ ਸੋਨੇ ਅਤੇ ਚਾਂਦੀ ਦੀਆਂ ਮੋਹਰਾਂ ਦੇ ਰੂਪ ਵਿਚ ਸਨ, ਲਿਜਾਣ ਵਿਚ ਪੌਲੁਸ ਦੀ ਮਦਦ ਕੀਤੀ। ਇਹ ਚੰਦੇ ਘੱਟੋ-ਘੱਟ ਦੋ ਸਾਲ ਤਕ ਪਏ ਰਹਿਣੇ ਸਨ, ਜਿਸ ਕਰਕੇ ਪੌਲੁਸ ਲਈ ਇਨ੍ਹਾਂ ਭਾਰੇ ਥੈਲਿਆਂ ਨੂੰ ਆਪ ਜਾਂ ਇਕ-ਦੋ ਸਾਥੀਆਂ ਦੀ ਮਦਦ ਨਾਲ ਵੀ ਸੰਭਾਲਣਾ ਔਖਾ ਸੀ। ਇਸ ਸਫ਼ਰ ਦੌਰਾਨ ਪੌਲੁਸ ਦੇ ਖ਼ਿਲਾਫ਼ ਇਕ ਸਾਜ਼ਿਸ਼ ਰਚੀ ਗਈ, ਸ਼ਾਇਦ ਇਹ ਸਾਜ਼ਿਸ਼ ਇਕੱਠੇ ਹੋਏ ਧਨ ਨੂੰ ਚੋਰੀ ਕਰਨ ਲਈ ਸੀ (ਰਸੂਲਾਂ ਦੇ ਕੰਮ 20:3)। ਪਰ ਪੌਲੁਸ ਨੇ ਆਪਣੇ ਸਾਥੀਆਂ ਨੂੰ ਜਹਾਜ਼ 'ਤੇ ਛੱਡ ਕੇ ਜ਼ਮੀਨੀ ਰਾਹ ਰਾਹੀਂ ਤ੍ਰੋਆਸ ਤੋਂ ਅੱਸੁਸ ਵਿਚ ਜਾ ਕੇ ਇਕ ਹੋਰ ਹੀ ਨਿਰਾਲੀ ਗੱਲ ਕੀਤੀ (ਰਸੂਲਾਂ ਦੇ ਕੰਮ 20:13, 14)। ਇਹ ਦਾਅ ਸ਼ਾਇਦ ਰਾਹ 'ਚ ਲੁਟੇਰਿਆਂ ਦੀਆਂ ਅੱਖਾਂ 'ਚ ਘੱਟਾ ਪਾਉਣ ਲਈ ਵਰਤਿਆ ਗਿਆ।

ਇਸ ਮਿਸ਼ਨਰੀ ਯਾਤਰਾ ਦੌਰਾਨ ਪੌਲੁਸ ਨੇ 2 ਕੁਰਿੰਥੀਆਂ ਲਿਖਿਆ ਜਿਸ ਵਿਚ ਦਾਨ ਲਈ ਕੀਤੇ ਗਏ ਵਾਅਦੇ ਪੂਰਾ ਕਰਨ ਲਈ ਉਪਦੇਸ਼ ਵੀ ਹੈ। ਪੌਲੁਸ ਨੇ ਇਸ ਸਫ਼ਰ ਦੌਰਾਨ ਰੋਮੀਆਂ ਦੇ ਨਾਂਅ ਚਿੱਠੀ ਵੀ ਲਿਖੀ ਅਤੇ ਉਹਨੇ ਯਰੂਸ਼ਲਮ ਦੇ ਸੰਤਾਂ ਦੀ ਸੇਵਾ ਦੀ ਲੋੜ ਦਾ ਜ਼ਿਕਰ ਵੀ ਕੀਤਾ (ਰੋਮੀਆਂ 15:25, 26)। ਇਸ ਕਰਕੇ ਅਸੀਂ 58-59 ਈਸਵੀ ਵਿਚ ਕਲੀਸੀਆ ਵਿਚ ਪਰੋਪਕਾਰ ਦੀ ਇਕ ਹੋਰ ਘਟਨਾ ਵੇਖਦੇ ਹਾਂ।

## ਸਾਰ

ਪਿਆਰ ਭਰਿਆ ਪਰੋਪਕਾਰ ਮੁੱਢਲੀ ਕਲੀਸੀਆ ਦੀਆਂ ਖ਼ੂਬੀਆਂ ਵਿੱਚੋਂ ਇਕ ਬਣ ਗਿਆ ਸੀ। ਹਰ ਮੰਡਲੀ ਆਪਣੀਆਂ ਸਥਾਨਕ ਲੋੜਾਂ ਪੂਰੀਆਂ ਕਰਨ ਦੀ ਜ਼ਿੰਮੇਵਾਰੀ ਲੈਂਦੀ ਅਤੇ ਪੂਰਾ ਕਰਦੀ ਸੀ। ਮਸੀਹੀ ਲੋਕ ਦੂਜੇ ਥਾਵਾਂ ਦੇ ਲੋਕਾਂ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਤਿਆਰ ਰਹਿੰਦੇ ਸਨ। ਪਹਿਲੀ ਸਦੀ ਆਮ ਤੌਰ 'ਤੇ ਜ਼ਾਲਮ ਅਤੇ ਸਖ਼ਤ ਸੀ, ਪਰ ਮਸੀਹੀ ਲੋਕ ਭਾਈਆਂ ਦੀ ਹਰ ਤਰ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਡਟ ਜਾਂਦੇ ਸਨ।

ਮਸੀਹੀ ਲੋਕਾਂ ਨੂੰ ਨਿੱਜੀ ਤੌਰ 'ਤੇ ਭਲਾਈ ਕਰਨ ਦੇ ਮੌਕੇ ਮਿਲ ਸਕਦੇ ਹਨ (ਗਲਾਤੀਆਂ 6:10), ਪਰ ਮੰਡਲੀਆਂ ਲਈ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਖ਼ਤਮ ਨਹੀਂ ਹੋ ਜਾਂਦੀਆਂ। ਮਸੀਹੀ ਲੋਕ ਅੱਜ ਕਲੀਸੀਆ ਦੇ ਸੰਗਠਨ ਦੇ ਤੌਰ 'ਤੇ ਹੋਣ ਵਾਲੇ ਕੰਮ ਲਈ ਖੁੱਲ੍ਹ ਦਿਲੀ ਨਾਲ ਚੰਦਾ ਦਿੰਦੇ ਰਹਿ ਸਕਦੇ ਹਨ ਪਰ ਨਿੱਜੀ ਚੁਣੌਤੀਆਂ ਦਾ ਮੁਕਾਬਲਾ ਵੀ ਕੀਤਾ ਜਾ ਸਕਦਾ ਹੈ। ਪ੍ਰਭੂ ਨੇ ਆਪਣੀ ਕਲੀਸੀਆ ਦੀ ਯੋਜਨਾ ਆਪਣੇ ਪਰੋਪਕਾਰੀ ਸਮਾਜ ਦੇ ਰੂਪ ਵਿਚ ਬਣਾਈ ਸੀ ਅਤੇ ਹਰ ਮੰਡਲੀ ਵਿਚ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੀ ਯੋਗ ਸਮਰੱਥਾ ਹੈ।

ਅਰੰਭਿਕ ਮਸੀਹੀ ਪ੍ਰਭੂ ਦੀ ਇੱਛਾ ਪੂਰੀ ਕਰਦੇ ਸਨ ਤਾਂ ਜੋ ਉਨ੍ਹਾਂ ਨੂੰ ਖ਼ੁਦਾ ਅਤੇ ਇਕ ਦੂਜੇ ਨਾਲ ਮੁਹੱਬਤ ਰੱਖਣ ਵਾਲੇ ਲੋਕਾਂ ਦੇ ਤੌਰ 'ਤੇ ਜਾਣਿਆ ਜਾਵੇ। ਜੇ.ਡਬਲਯੂ. ਮੈਕਗਰਵੇ ਨੇ ਕਿਹਾ ਹੈ, ''ਦਿਲੋਂ ਨਿਕਲਣ ਵਾਲੇ ਪਰੋਪਕਾਰ ਤੋਂ ਵਧ ਕੇ ਸਾਰਥਕ ਪ੍ਰਚਾਰ ਕੋਈ ਨਹੀਂ ਹੈ।''[2]

ਟਿੱਪਣੀਆਂ

[1]ਪੌਲੁਸ ਦੇ ਬਾਰਾਂ ਵਿੱਚੋਂ ਦੋ ਦਿਨ ਸਫ਼ਰ ਵਿਚ (ਰਸੂਲਾਂ ਦੇ ਕੰਮ 23:31, 32) ਅਤੇ ਪੰਜ ਦਿਨ ਹਨੱਨੀਆ ਦੇ ਯਰੂਸ਼ਲਮ ਤੋਂ ਆਉਣ ਦੀ ਉਡੀਕ ਵਿਚ ਲਗ ਗਏ ਸਨ (ਰਸੂਲਾਂ ਦੇ ਕੰਮ 24:1) ਜੋ ਯਕੀਨਨ ਇਹ ਬਗ਼ਾਵਤ ਲਈ ਕਾਫ਼ੀ ਸਮਾਂ ਨਹੀਂ ਸੀ। [2]ਜੇ. ਡਬਲਯੂ. ਮੈਕਗਰਵੇ, *ਨਿਊ ਕਮੈਂਟਰੀ ਆਨ ਐਕਟਸ ਆਫ਼ ਅਪੋਸਟਲਜ਼* (ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲਿਸ਼ਿੰਗ ਕੰ., ਮਿਤੀ ਰਹਿਤ), 230।

© 2009 Truth for Today